ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦਰ ਬਾਣੀ ਦੀ ਸਮਕਾਲੀ ਪ੍ਰਾਸੰਗਿਕਤਾ

**ਕੁਲਦੀਪ ਸਿੰਘ**

ਐਸੋਸੀਏਟ ਪ੍ਰੋਫ਼ੈਸਰ
ਚੇਅਰਪਰਸਨ, ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

ਵਿਸ਼ਵੀਕਰਨ ਅਤੇ ਵਿਸ਼ਵੀ ਚੇਤਨਾ ਦੇ ਮੌਜੂਦਾ ਦੌਰ ਵਿੱਚ ਧਾਰਮਿਕ-ਆਧਿਆਤਮਿਕ ਵਿਰਾਸਤ ਦੀ ਸਮਕਾਲੀ ਪ੍ਰਾਸੰਗਿਕਤਾ ਬਾਰੇ ਵਿਚਾਰ ਕਰਨਾ ਇੱਕ ਅਹਿਮ ਬੌਧਿਕ ਲੋੜ ਬਣ ਚੁੱਕੀ ਹੈ। ਅਜਿਹੇ ਪਰਿਪੇਖ ਵਿੱਚ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਆਪਣੀ ਸਭਿਆਚਾਰਕ ਅਤੇ ਆਤਮਿਕ, ਧਾਰਮਿਕ ਵਿਰਾਸਤ ਨੂੰ ਸਿਰਫ਼ ਇਤਿਹਾਸਕ ਧਰੋਹਰ ਦੇ ਤੌਰ ’ਤੇ ਨਹੀਂ, ਸਗੋਂ ਅਜੋਕੇ ਸਮਾਜਿਕ, ਰਾਜਨੀਤਕ ਅਤੇ ਮਨੁੱਖੀ ਸੰਕਟਾਂ ਨਾਲ ਜੋੜ ਕੇ ਵੇਖੀਏ। ਇਸ ਸੰਦਰਭ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖੀ ਅਧਿਕਾਰਾਂ, ਅੰਤਰਾਤਮਿਕ ਸੁਤੰਤਰਤਾ, ਧਾਰਮਿਕ ਸਹਿਣਸ਼ੀਲਤਾ ਅਤੇ ਅਸਤਿਤਵਕ ਚੇਤਨਾ ਦੀ ਅਜਿਹੀ ਆਵਾਜ਼ ਹੈ ਜੋ ਅੱਜ ਵੀ ਵਿਸ਼ਵ ਪੱਧਰ ’ਤੇ ਮਾਨਵੀ ਸਮੱਸਿਆਵਾਂ ਲਈ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ, ਜਿਨ੍ਹਾਂ ਨੂੰ ਨੌਵਾਂ ਨਾਨਕ ਕਿਹਾ ਜਾਂਦਾ ਹੈ, ਗੁਰੂ ਨਾਨਕ ਦੇਵ ਜੀ ਦੀ ਆਤਮਿਕ ਵਿਚਾਰਧਾਰਾ ਦੇ ਪ੍ਰਮੁੱਖ ਵਾਹਕ ਹਨ। ਉਨ੍ਹਾਂ ਦੀ ਬਾਣੀ ਅਜਿਹੇ ਸਮੇਂ ਦੀ ਉਪਜ ਹੈ ਜਦੋਂ ਰਾਜਨੀਤਕ ਦਬਾਅ, ਧਾਰਮਿਕ ਅਸਹਿਣਸ਼ੀਲਤਾ ਅਤੇ ਮਨੁੱਖੀ ਆਜ਼ਾਦੀ ’ਤੇ ਹਮਲੇ ਆਮ ਸਨ। ਇਸ ਪਰਿਪੇਖ ਵਿੱਚ ਗੁਰੂ ਤੇਗ ਬਹਾਦਰ ਬਾਣੀ ਦਾ ਕੇਂਦਰੀ ਸੁਰ ‘ਨਿਰਭੈਤਾ’ ਅਤੇ ‘ਅੰਤਰਾਤਮਿਕ ਸੁਤੰਤਰਤਾ’ ਹੈ। ਉਨ੍ਹਾਂ ਦੀ ਬਾਣੀ ਮਨੁੱਖ ਨੂੰ ਬਾਹਰੀ ਸ਼ਕਤੀ, ਡਰ ਅਤੇ ਲਾਲਚ ਤੋਂ ਮੁਕਤ ਹੋ ਕੇ ਅੰਦਰੂਨੀ ਸੱਚ ਨਾਲ ਜੁੜਨ ਦੀ ਪ੍ਰੇਰਣਾ ਦਿੰਦੀ ਹੈ, ਜੋ ਅਜੋਕੇ ਉਪਭੋਗਵਾਦੀ ਅਤੇ ਤਣਾਅਪੂਰਕ ਸਮਾਜ ਵਿੱਚ ਹੋਰ ਵੀ ਪ੍ਰਾਸੰਗਿਕ ਹੋ ਜਾਂਦੀ ਹੈ।

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।।

ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ।।

ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ।।

ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ।।[1]

ਗੁਰੂ ਤੇਗ ਬਹਾਦਰ ਬਾਣੀ ਵਿੱਚ ਦੁੱਖ, ਅਸਥਿਰਤਾ, ਮੌਤ-ਚੇਤਨਾ ਅਤੇ ਵੈਰਾਗ ਦੇ ਵਿਚਾਰ ਸਿਰਫ਼ ਨਿੱਜੀ ਅਨੁਭਵ ਤੱਕ ਸੀਮਿਤ ਨਹੀਂ ਰਹਿੰਦੇ, ਸਗੋਂ ਇਹ ਮਨੁੱਖੀ ਅਸਤਿਤਵ ਦੀ ਵਿਸ਼ਵਕ ਸਥਿਤੀ ਨੂੰ ਪ੍ਰਗਟ ਕਰਦੇ ਹਨ। ਅੱਜ ਦੇ ਵਿਸ਼ਵੀਕਰਨ ਦੇ ਦੌਰ ਵਿੱਚ, ਜਿੱਥੇ ਮਨੁੱਖ ਭੌਤਿਕ ਸੁਵਿਧਾਵਾਂ ਦੇ ਬਾਵਜੂਦ ਅੰਦਰੂਨੀ ਅਸੰਤੁਸ਼ਟੀ ਦਾ ਸ਼ਿਕਾਰ ਹੈ, ਉੱਥੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਆਤਮਿਕ ਸੰਤੁਲਨ ਅਤੇ ਨੈਤਿਕ ਚੇਤਨਾ ਵੱਲ ਮੋੜਦੀ ਹੈ। ਮਨੁੱਖਤਾ ਦੇ ਇਤਿਹਾਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਵਰਗੀ ਅਦੁੱਤੀ ਆਤਮਿਕ ਅਤੇ ਮਾਨਵਵਾਦੀ ਸ਼ਖ਼ਸੀਅਤ ਦਾ ਪ੍ਰਗਟ ਹੋਣਾ ਅਜੋਕੇ ਸਮੇਂ ਵਿੱਚ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਉਨ੍ਹਾਂ ਦਾ ਸੰਪੂਰਨ ਜੀਵਨ-ਚਰਿਤਰ ਅਤੇ ਉਨ੍ਹਾਂ ਦੁਆਰਾ ਉਚਰਿਤ ਬਾਣੀ ਮਾਨਵਤਾ ਲਈ ਇੱਕ ਅਜਿਹਾ ਆਤਮਿਕ ਪ੍ਰਕਾਸ਼-ਕੇਂਦਰ ਸਾਬਤ ਹੁੰਦੀ ਹੈ, ਜਿਸ ਦੀ ਰੋਸ਼ਨੀ ਹੇਠ ਮਨੁੱਖ ਨਾ ਸਿਰਫ਼ ਪਰਮਾਤਮਾ ਨਾਲ ਆਪਣੇ ਸੰਬੰਧ ਨੂੰ ਸਮਝਦਾ ਹੈ, ਸਗੋਂ ਆਪਣੇ ਜੀਵਨ ਦੇ ਉਦੇਸ਼ ਪ੍ਰਤੀ ਵੀ ਚੇਤਨ ਅਤੇ ਜਾਗਰੂਕ ਹੁੰਦਾ ਹੈ। ਉਨ੍ਹਾਂ ਦੀ ਬਾਣੀ ਮਨੁੱਖੀ ਬੁੱਧੀ ਅਤੇ ਸੰਵੇਦਨਾ ਨਾਲ ਸੰਬੰਧਿਤ ਲਗਭਗ ਹਰ ਪਹਿਲੂ ਨੂੰ ਛੂੰਹਦੀ ਹੋਈ ਕਾਦਰ, ਕੁਦਰਤ ਅਤੇ ਮਨੁੱਖ ਦੇ ਆਪਸੀ ਰਿਸ਼ਤਿਆਂ ਬਾਰੇ ਇੱਕ ਵਿਲੱਖਣ ਦਰਸ਼ਨ ਪੇਸ਼ ਕਰਦੀ ਹੈ।

ਗੁਰੂ ਤੇਗ ਬਹਾਦਰ ਦੀ ਬਾਣੀ ਜੀਵਨ, ਜਗਤ ਅਤੇ ਮਨੁੱਖੀ ਅਸਤਿਤਵ ਦੀ ਵਿਆਖਿਆ ਭਾਵੇਂ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਕਰਦੀ ਹੈ, ਪਰ ਇਹ ਵਿਹਾਰਕ ਜੀਵਨ ਤੋਂ ਵੱਖਰੀ ਨਹੀਂ ਹੋ ਜਾਂਦੀ। ਇਸ ਵਿੱਚ ਜੀਵਨ ਯਥਾਰਥ, ਦੁੱਖਸੁਖ, ਅਸਥਿਰਤਾ ਅਤੇ ਨੈਤਿਕ ਚੇਤਨਾ ਨੂੰ ਗਹਿਰਾਈ ਨਾਲ ਸਮਝਾਇਆ ਗਿਆ ਹੈ। ਉਸ ਸਮੇਂ ਭਾਰਤੀ ਸਭਿਆਚਾਰ ਵਿੱਚ ਧਾਰਮਿਕ ਅਤੇ ਸੱਭਿਆਚਾਰਕ ਰਲਾਵਾਂ ਦਾ ਸੰਵੇਦਨਸ਼ੀਲ ਦੌਰ ਸੀ, ਜਿੱਥੇ ਨੈਤਿਕ ਮੁੱਲ ਦੀ ਅਨੈਤਿਕ ਪ੍ਰਵਿਰਤੀਆਂ ਨੇ ਆਪਣੀ ਪਕੜ ਮਜ਼ਬੂਤ ਕਰ ਲਈ ਸੀ। ਮੁਸਲਮਾਨੀ ਰਾਜਨੀਤਕ ਪ੍ਰਬੰਧ ਦੇ ਪ੍ਰਭਾਵ ਹੇਠ ਇਸਲਾਮਿਕ ਵਿਚਾਰਧਾਰਾ ਭਾਰਤੀ ਚੇਤਨਾ ’ਤੇ ਅਸਰ ਪਾ ਰਹੀ ਸੀ, ਜਦਕਿ ਹਿੰਦੂ ਧਰਮ ਅੰਦਰ ਸੰਕੀਰਣਤਾ ਅਤੇ ਰਸਮੀਕਰਨ ਆਪਣੀ ਚਰਮ ਸੀਮਾ ’ਤੇ ਪਹੁੰਚ ਚੁੱਕੇ ਸਨ। ਇਸੇ ਸਮੇਂ ਸੂਫ਼ੀਵਾਦ ਵੀ ਆਪਣੀਆਂ ਮਾਨਵਤਾਵਾਦੀ ਕਦਰਾਂ ਰਾਹੀਂ ਸਾਹਿਤ, ਧਰਮ ਅਤੇ ਦਰਸ਼ਨ ਦੇ ਖ਼ੇਤਰ ਵਿੱਚ ਆਪਣੀ ਥਾਂ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਅਜਿਹੇ ਜਟਿਲ ਅਤੇ ਵਿਰੋਧੀ ਵਿਚਾਰਧਾਰਕ ਮਾਹੌਲ ਵਿੱਚ ਗੁਰੂ ਤੇਗ ਬਹਾਦਰ ਜੀ ਨੇ ਇੱਕ ਅਜਿਹਾ ਧਾਰਮਿਕ ਅਤੇ ਆਤਮਿਕ ਦ੍ਰਿਸ਼ਟੀਕੋਣ ਵਿਕਸਿਤ ਕੀਤਾ ਜੋ ਨਾ ਸਿਰਫ਼ ਪ੍ਰਚਲਿਤ ਭਾਰਤੀ ਪਰੰਪਰਾਵਾਂ ਤੋਂ ਵੱਖਰਾ ਸੀ, ਸਗੋਂ ਇਸਲਾਮਿਕ ਅਤੇ ਸੂਫ਼ੀ ਧਾਰਾਵਾਂ ਨਾਲੋਂ ਵੀ ਪੂਰੀ ਤਰ੍ਹਾਂ ਅਭਿੰਨ ਨਹੀਂ ਸੀ।

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਰਾਹੀਂ ਮਾਨਵੀ ਜੀਵਨ ਦੇ ਵੱਖ-ਵੱਖ ਪੱਖਾਂ ਜਿਵੇਂ ਅਸਤੀਤਵਕ ਸੰਕਟ, ਨੈਤਿਕਤਾ, ਵੈਰਾਗ ਅਤੇ ਆਤਮਿਕ ਮੁਕਤੀ ਉੱਤੇ ਗਹਿਰੀ ਚਰਚਾ ਕੀਤੀ ਹੈ ਅਤੇ ਮਨੁੱਖੀ ਜੀਵਨ ਦੇ ਸਰਵਉਚ ਲਕਸ਼ ਵਜੋਂ ਮੁਕਤੀ ਦੀ ਸੰਕਲਪਨਾ ਨੂੰ ਸਵੀਕਾਰ ਕੀਤਾ ਹੈ। ਅਜੋਕੇ ਸਮਕਾਲੀ ਪਰਿਪੇਖ ਵਿੱਚ, ਜਿੱਥੇ ਮਨੁੱਖ ਅੰਦਰੂਨੀ ਅਸਥਿਰਤਾ, ਨੈਤਿਕ ਮੁੱਲਾਂ ਦੇ ਪਤਨ ਅਤੇ ਆਤਮਿਕ ਖੋਖਲੇਪਨ ਦਾ ਸਾਹਮਣਾ ਕਰ ਰਿਹਾ ਹੈ, ਉੱਥੇ ਗੁਰੂ ਤੇਗ ਬਹਾਦਰ ਦੀ ਬਾਣੀ ਮਾਨਵਤਾ ਲਈ ਦਿਸ਼ਾ-ਸੂਚਕ ਅਤੇ ਪ੍ਰਾਸੰਗਿਕ ਮਾਰਗਦਰਸ਼ਨ ਪ੍ਰਦਾਨ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਕਰਦੀ ਹੈ। ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੰਮੇ ਅਤੇ ਕਠਿਨ ਯਾਤਰਾ ਮਾਰਗਾਂ ਅਤੇ ਭਾਸ਼ਾਈ ਰੁਕਾਵਟਾਂ ਦੀ ਪਰਵਾਹ ਨਾ ਕਰਦੇ ਹੋਏ ਵੱਖ-ਵੱਖ ਦੇਸ਼ਾਂ ਅਤੇ ਧਾਰਮਿਕ ਕੇਂਦਰਾਂ ਦੀਆਂ ਯਾਤਰਾਵਾਂ ਕਰਕੇ ਆਮ ਲੋਕਾਂ ਵਿੱਚ ਸਮਾਜਿਕ ਅਤੇ ਆਤਮਿਕ ਜਾਗਰੂਕਤਾ ਦਾ ਵਿਕਾਸ ਕੀਤਾ, ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਤਿਪਾਦਿਤ ਸਿੱਖੀ ਸਿਧਾਂਤਾਂ ਨੂੰ ਲੋਕ ਜੀਵਨ ਨਾਲ ਜੋੜਨ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਗੁਰੂ ਗੱਦੀ ਸੰਭਾਲਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਵਿਸ਼ਾਲ ਪੱਧਰ 'ਤੇ ਧਾਰਮਿਕ ਯਾਤਰਾਵਾਂ ਕੀਤੀਆਂ। ਇਨ੍ਹਾਂ ਯਾਤਰਾਵਾਂ ਦੌਰਾਨ ਉਨ੍ਹਾਂ ਨੇ ਅਨੇਕਾਂ ਖੇਤਰਾਂ ਦੇ ਲੋਕਾਂ ਨਾਲ ਸੰਪਰਕ ਸਥਾਪਿਤ ਕਰਕੇ ਸਿੱਖੀ ਵਿਚਾਰਧਾਰਾ ਨੂੰ ਸਮਾਜਕ ਜੀਵਨ ਦਾ ਅੰਗ ਬਣਾਉਣ ਦੀ ਕੋਸ਼ਿਸ਼ ਕੀਤੀ। ਅੰਧਵਿਸ਼ਵਾਸਾਂ ਅਤੇ ਸਮਾਜਿਕ ਵਿਗਾੜਾਂ ਨਾਲ ਜੂਝ ਰਹੀ ਲੋਕਾਈ ਵਿੱਚ ਸੰਜਮ, ਆਤਮਿਕ ਦ੍ਰਿੜਤਾ ਅਤੇ ਨੈਤਿਕ ਹੌਂਸਲੇ ਦੀ ਭਾਵਨਾ ਪੈਦਾ ਕੀਤੀ ਅਤੇ ਉਨ੍ਹਾਂ ਨੂੰ ਸੇਵਾ ਅਤੇ ਮਨੁੱਖੀ ਭਲਾਈ ਦੇ ਕਾਰਜਾਂ ਨਾਲ ਜੋੜਿਆ। ਇਸ ਉਦੇਸ਼ ਦੀ ਪ੍ਰਾਪਤੀ ਲਈ ਉਨ੍ਹਾਂ ਨੇ ਸਭ ਤੋਂ ਪਹਿਲਾਂ ਮਨੁੱਖੀ ਮਨ ਵਿੱਚ ਵੱਸੇ ਸਰੀਰਕ ਨਾਸ਼ ਅਤੇ ਸੰਸਾਰਕ ਅਸਥਿਰਤਾ ਦੇ ਡਰ ਨੂੰ ਦੂਰ ਕਰਨ ਉੱਤੇ ਜ਼ੋਰ ਦਿੱਤਾ। ਆਪਣੀ ਬਾਣੀ ਰਾਹੀਂ ਉਨ੍ਹਾਂ ਨੇ ਭਾਰਤੀ ਸਮਾਜਿਕਸਭਿਆਚਾਰਕ ਪਰਿਪੇਖ ਵਿੱਚ ਢੁੱਕਵੇਂ ਅਤੇ ਅਰਥਪੂਰਨ ਪ੍ਰਤੀਕਾਂ ਦੀ ਵਰਤੋਂ ਕਰਦਿਆਂ ਭੈਅ-ਰਹਿਤ ਚੇਤਨਾ ਦਾ ਵਿਕਾਸ ਕੀਤਾ।

ਲਗਭਗ ਸਭ ਹੀ ਅਧਿਆਤਮਿਕ ਪਰੰਪਰਾਵਾਂ ਅਤੇ ਧਾਰਮਿਕ ਗ੍ਰੰਥਾਂ ਵਿੱਚ ਪਦਾਰਥਕ ਸੰਸਾਰ ਦੀ ਅਸਥਿਰਤਾ ਅਤੇ ਨਾਸ਼ਮਾਨਤਾ ਬਾਰੇ ਸਪਸ਼ਟ ਸੰਕੇਤ ਮਿਲਦੇ ਹਨ। ਅਧਿਆਤਮਕ ਦਰਸ਼ਨ ਅਨੁਸਾਰ ਬ੍ਰਹਮ ਨੂੰ ਸਦੀਵੀ ਸਤਿ ਮੰਨਿਆ ਗਿਆ ਹੈ, ਪਰ ਦਿਸਦਾ ਬ੍ਰਹਿਮੰਡ ਅਸਥਾਈ ਅਸਤਿਤਵ ਰੱਖਦਾ ਹੈ। ਤ੍ਰੈਕਾਲਿਕ ਅਤੇ ਤ੍ਰਿਗੁਣੀ ਸਰੂਪ ਹੋਣ ਦੇ ਬਾਵਜੂਦ ਇਹ ਜਗਤ ਸਦੀਵਤਾ ਦਾ ਪ੍ਰਤੀਕ ਨਹੀਂ, ਸਗੋਂ ਸਮੇਂ ਦੇ ਅਧੀਨ ਰਹਿਣ ਵਾਲਾ ਅਤੇ ਵਿਨਾਸ਼ਯੋਗ ਸਰੂਪ ਹੈ। ਮਿਥਿਹਾਸਕ ਅਤੇ ਦਾਰਸ਼ਨਿਕ ਵਿਆਖਿਆਵਾਂ ਵਿੱਚ ਇਹ ਗੱਲ ਸਪਸ਼ਟ ਕੀਤੀ ਗਈ ਹੈ ਕਿ ਕੁਦਰਤੀ ਵਿਨਾਸ਼ਕਾਰੀ ਸ਼ਕਤੀਆਂ ਸਮੇਂ-ਸਮੇਂ 'ਤੇ ਪਦਾਰਥਕ ਜਗਤ ਦੀ ਬਣਤਰ ਨੂੰ ਵਿਘਟਿਤ ਕਰਦੀਆਂ ਰਹਿੰਦੀਆਂ ਹਨ। ਭਾਵੇਂ ਪੁਨਰ-ਸਿਰਜਣਾ ਦੀ ਪ੍ਰਕਿਰਿਆ ਰਾਹੀਂ ਸੰਸਾਰ ਦਾ ਸਰੂਪ ਮੁੜ ਉਭਰਦਾ ਰਹਿੰਦਾ ਹੈ, ਪਰ ਇਹ ਚੱਕਰਵਰਤੀ ਪ੍ਰਕਿਰਿਆ ਖੁਦ ਇਸ ਗੱਲ ਨੂੰ ਰੇਖਾਂਕਿਤ ਕਰਦੀ ਹੈ ਕਿ ਪਦਾਰਥਕ ਜਗਤ ਮੂਲ ਤੌਰ 'ਤੇ ਅਸਥਿਰ ਹੈ। ਮਨੁੱਖ ਇਸ ਦਿਸਦੇ ਜਗਤ ਦੀ ਇੱਕ ਅਸਥਾਈ ਇਕਾਈ ਹੈ, ਜਿਸ ਲਈ ਜਨਮ ਅਤੇ ਮੌਤ ਅਟੱਲ ਨਿਯਮ ਹਨ। ਇਸ ਸੱਚਾਈ ਦਾ ਸਾਹਮਣਾ ਹਰ ਵਿਅਕਤੀ ਨੂੰ ਕਿਸੇ ਨਾ ਕਿਸੇ ਸਮੇਂ ਕਰਨਾ ਹੀ ਪੈਂਦਾ ਹੈ। ਜਦੋਂ ਬ੍ਰਹਿਮੰਡ ਦੀ ਅਸਥਿਰਤਾ ਬਾਰੇ ਵਿਚਾਰ ਕੀਤਾ ਜਾਂਦਾ ਹੈ, ਤਾਂ ਮਨੁੱਖੀ ਮਨ ਵਿੱਚ ਇਸ ਦੀ ਸਥਾਇਤਾਵਾਦੀ ਸੰਭਾਵਨਾ ਪ੍ਰਤੀ ਸੰਦੇਹ ਉਪਜਣਾ ਸੁਭਾਵਿਕ ਹੈ। ਹਰ ਮਨੁੱਖ ਇਹ ਜਾਣਦਾ ਹੈ ਕਿ ਆਪਣੇ ਜੀਵਨ ਕਾਲ ਦੌਰਾਨ ਉਹ ਬ੍ਰਹਿਮੰਡ ਦੇ ਸਮੁੱਚੇ ਵਿਕਾਸ ਦੀ ਪ੍ਰਕਿਰਿਆ ਨੂੰ ਪ੍ਰਤੱਖ ਰੂਪ ਵਿੱਚ ਨਹੀਂ ਦੇਖ ਸਕਦਾ ਅਤੇ ਜਗਤ ਦੇ ਵਿਸਤ੍ਰਿਤ ਅਸਤਿਤਵ ਬਾਰੇ ਉਸ ਦਾ ਗਿਆਨ ਅਧੂਰਾ ਹੀ ਰਹਿ ਜਾਂਦਾ ਹੈ। ਪਰ ਇਸ ਦੇ ਉਲਟ, ਉਸ ਦੇ ਸਾਹਮਣੇ ਹੋਣ ਵਾਲੀਆਂ ਅਨੇਕਾਂ ਮੌਤਾਂ ਅਤੇ ਅੰਤ ਵਿੱਚ ਆਪਣੀ ਅਟੱਲ ਮੌਤ ਦੀ ਸੰਭਾਵਨਾ ਮਨੁੱਖੀ ਚੇਤਨਾ ਵਿੱਚ ਜੀਵਨ ਦੀ ਖਿਨ-ਭੰਗੁਰਤਾ ਦਾ ਬੋਧ ਮਜ਼ਬੂਤ ਕਰ ਦਿੰਦੀ ਹੈ। ਇਹ ਵੀ ਪ੍ਰਤੱਖ ਸੱਚ ਹੈ ਕਿ ਜਦੋਂ ਮਨੁੱਖ ਦਾ ਪੰਚਭੌਤਿਕ ਸਰੀਰ ਨਾਸ਼ਵੰਤ ਹੋ ਜਾਂਦਾ ਹੈ, ਤਾਂ ਉਸ ਲਈ ਪ੍ਰਮਾਣਿਕ ਰੂਪ ਵਿੱਚ ਦਿਸਦਾ ਸੰਸਾਰ ਵੀ ਅਸਤਿਤਵਹੀਨ ਹੋ ਜਾਂਦਾ ਹੈ।

ਵੈਦਿਕ ਯੁੱਗ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਪਦਾਰਥਕ ਸੰਸਾਰ ਦੀ ਨਾਸ਼ਮਾਨਤਾ ਮਨੁੱਖੀ ਚਿੰਤਾ ਅਤੇ ਸੰਤਾਪ ਦਾ ਇੱਕ ਪ੍ਰਮੁੱਖ ਕਾਰਣ ਰਹੀ ਹੈ। ਮਨੁੱਖ ਇਸ ਜਗਤ ਵਿੱਚ ਜਨਮ ਲੈ ਕੇ ਅਕਸਰ ਅਗਿਆਨਵਸ਼ ਮਾਇਆ ਦੇ ਆਕਰਸ਼ਕ ਜਾਲ ਵਿੱਚ ਫਸ ਜਾਂਦਾ ਹੈ ਅਤੇ ਆਪਣੇ ਜੀਵਨ ਦੀ ਅਟੱਲ ਅੰਤਿਮਤਾ ਪ੍ਰਤੀ ਸੁਚੇਤ ਨਹੀਂ ਰਹਿੰਦਾ। ਦਿਸਦੇ ਜਗਤ ਨਾਲ ਜੁੜਿਆ ਮੋਹ ਮਨੁੱਖ ਲਈ ਸਭ ਤੋਂ ਵੱਡਾ ਦੁੱਖ ਬਣ ਕੇ ਸਾਹਮਣੇ ਆਉਂਦਾ ਹੈ। ਇਸੇ ਲਈ ਸੰਸਾਰ ਦੇ ਮਹਾਨ ਸੰਤਾਂ ਅਤੇ ਦਰਸ਼ਨਿਕਾਂ ਨੇ ਇਸ ਲੁਭਾਵਣੇ ਪਰ ਅਸਥਿਰ ਜਗਤ ਦੀ ਹਕੀਕਤ ਨੂੰ ਉਜਾਗਰ ਕਰਦਿਆਂ ਮਨੁੱਖ ਨੂੰ ਉਸ ਦੇ ਨੈਤਿਕ ਅਤੇ ਆਤਮਿਕ ਕਰਤੱਵਾਂ ਵੱਲ ਮੁੜ ਮੋੜਨ ਦਾ ਪ੍ਰਯਾਸ ਕੀਤਾ ਹੈ। ਇਸ ਸੰਦਰਭ ਵਿੱਚ ਦਾਰਸ਼ਨਿਕ ਇਤਿਹਾਸ ਅੰਦਰ ਦੋ ਮੁੱਖ ਦ੍ਰਿਸ਼ਟੀਕੋਣ ਵਿਕਸਿਤ ਹੋਏ ਹਨ। ਪਹਿਲੇ ਮਤ ਅਨੁਸਾਰ, ਕਿਉਂਕਿ ਸੰਸਾਰ ਮੂਲ ਤੌਰ 'ਤੇ ਨਾਸ਼ਵੰਤ ਹੈ, ਇਸ ਲਈ ਮਨੁੱਖ ਨੂੰ ਹਰ ਕਿਸਮ ਦੇ ਸੰਸਾਰਕ ਮੋਹ ਤੋਂ ਉਪਰ ਉੱਠ ਕੇ ਤਿਆਗ ਅਤੇ ਕਠੋਰ ਤਪੱਸਿਆ ਦੇ ਰਸਤੇ ਨੂੰ ਅਪਣਾਉਣਾ ਚਾਹੀਦਾ ਹੈ। ਇਸ ਵਿਚਾਰਧਾਰਾ ਹੇਠ ਬਣਵਾਸ ਅਤੇ ਸੰਨਿਆਸ ਵਰਗੇ ਮਾਰਗ ਪ੍ਰਮੁੱਖ ਰਹੇ ਹਨ। ਦੂਜੇ ਦ੍ਰਿਸ਼ਟੀਕੋਣ ਅਨੁਸਾਰ, ਸੰਸਾਰ ਦੀ ਅਸਥਿਰਤਾ ਨੂੰ ਚੇਤਨ ਤੌਰ 'ਤੇ ਸਵੀਕਾਰਦੇ ਹੋਏ ਮਨੁੱਖ ਨੂੰ ਆਮ ਜੀਵਨ ਵਿਚ ਰਹਿੰਦੇ ਹੋਏ ਆਪਣੇ ਕਰਤੱਵ ਨਿਭਾਉਣੇ ਚਾਹੀਦੇ ਹਨ, ਪਰ ਸੰਸਾਰਕ ਮੋਹ ਦੇ ਬੰਧਨਾਂ ਵਿੱਚ ਫਸਣ ਤੋਂ ਸਾਵਧਾਨ ਰਹਿਣਾ ਲਾਜ਼ਮੀ ਹੈ। ਸਿੱਖ ਗੁਰੂਆਂ ਨੇ ਇਸ ਦੂਜੇ ਸੰਤੁਲਿਤ ਦ੍ਰਿਸ਼ਟੀਕੋਣ ਨੂੰ ਹੀ ਮਾਨਤਾ ਦਿੱਤੀ ਹੈ।

''ਇਨ੍ਹਾਂ ਸ਼ਲੋਕਾਂ ਵਿਚ ਵਧੇਰੇ ਦਾਰਸ਼ਨਿਕ ਪ੍ਰਸੰਗ ਵਿਚ ਸਰੀਰ ਦੀ ਨਾਸ਼ਮਾਨਤਾ ਅਤੇ ਸਿਰਜਨਹਾਰ ਦੀ ਅਟੱਲਤਾ ਨੂੰ ਪਰਸਪਰ ਸਾਹਮਣੇ ਰੱਖ ਕੇ ਸਰੀਰ ਦੇ ਤਿਆਗ ਨੂੰ ਪ੍ਰਭੂ ਦਾ ਹੁਕਮ ਮੰਨ ਕੇ, ਧੀਰਜ, ਸਬਰ ਅਤੇ ਅਡੋਲ ਚਿੱਤ ਰੱਖਣ ਦਾ ਉਪਦੇਸ਼ ਹੈ। ਪ੍ਰਤੀਕਾਂ ਦੁਆਰਾ ਜਿਵੇਂ ਰਾਮ ਤੇ ਰਾਵਣ ਦੁਆਰਾ ਅਤੇ ਇਨ੍ਹਾਂ ਸ਼ਲੋਕਾਂ ਦੀ ਸਾਗਰ ਲਹਿਰ ਵਰਗੀ ਚਾਲ ਨਾਲ ਮਨ ਉੱਪਰ ਹੁਕਮ ਮੰਨ ਕੇ ਸ਼ਾਂਤ ਚਿਤ ਰਹਿਣ ਦਾ ਆਲੌਕਿਕ ਉਪਦੇਸ਼ ਹੈ। ਮੌਤ ਬਾਰੇ ਇਹ ਉਪਦੇਸ਼ ਲੋਕਾਂ ਨੂੰ ਅੱਗੇ ਤੋਰਨ ਵਿਚ ਸਾਨੂੰ ਚੱਪੂ ਦਾ ਕੰਮ ਦੇ ਰਿਹਾ ਹੈ।''[2]

ਗੁਰਮਤਿ ਦੇ ਅਨੁਸਾਰ ਜਗਤ ਨੂੰ ਆਮ ਤੌਰ 'ਤੇ ਝੂਠ ਜਾਂ ਅਸਥਾਈ ਕਿਹਾ ਗਿਆ ਹੈ, ਪਰ ਇਸ ਦਾ ਭਾਵ ਪੂਰਨ ਤਿਆਗ ਨਹੀਂ, ਸਗੋਂ ਆਤਮਿਕ ਬੋਧ ਹੈ। ਗੁਰਬਾਣੀ ਵਿੱਚ ਸਧਾਰਣ ਭਾਸ਼ਾ ਅਤੇ ਦ੍ਰਿਸ਼ਟਾਂਤਕ ਢੰਗ ਰਾਹੀਂ ਦਿਸਦੇ ਸੰਸਾਰ ਦੀ ਨਾਸ਼ਮਾਨਤਾ ਬਾਰੇ ਵਿਚਾਰ ਪ੍ਰਗਟ ਕੀਤੇ ਗਏ ਹਨ। ਇਹ ਗੱਲ ਨਿਸ਼ਚਿਤ ਤੌਰ 'ਤੇ ਕਹੀ ਜਾ ਸਕਦੀ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਸ਼ੇਸ਼ ਕਰਕੇ ਸ਼ਲੋਕ ਮਹਲਾ ਨੌਵਾਂ ਵਿੱਚ ਸੰਸਾਰ ਦੀ ਨਾਸ਼ਮਾਨਤਾ ਦਾ ਸੰਕਲਪ ਹੋਰ ਗੁਰੂ ਕਵੀਆਂ ਦੀ ਤੁਲਨਾ ਵਿੱਚ ਕਾਫ਼ੀ ਗਹਿਰਾਈ ਅਤੇ ਤੀਬਰਤਾ ਨਾਲ ਪ੍ਰਗਟ ਹੁੰਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਪਦਾਰਥਕ ਸੰਸਾਰ ਦੀ ਅਸਥਿਰਤਾ ਨੂੰ ਸਮਝਾਉਣ ਲਈ ਪਾਣੀ ਦੇ ਬੁਲਬੁਲੇ ਦੀ ਉਪਮਾ ਵਰਤੀ ਹੈ, ਜੋ ਜਨਮ ਲੈਂਦਾ ਹੈ ਅਤੇ ਤੁਰੰਤ ਹੀ ਵਿਨਾਸ਼ ਵੱਲ ਵਧ ਜਾਂਦਾ ਹੈ। ਇਸ ਉਪਮਾ ਰਾਹੀਂ ਉਹ ਸੰਸਾਰ ਦੀ ਉਤਪੱਤੀ ਅਤੇ ਵਿਨਾਸ਼ ਦੀ ਅਟੱਲ ਪ੍ਰਕਿਰਿਆ ਵੱਲ ਸੰਕੇਤ ਕਰਦੇ ਹਨ:


© Copyright @ Authors

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ।।

ਜਗੁ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ।।[3]

ਉਪਜਨਾ ਅਤੇ ਬਿਨਸਨਾ ਪ੍ਰਕਿਰਤੀ ਦਾ ਅਟੁੱਟ ਅਤੇ ਸਦੀਵੀ ਤੌਰ 'ਤੇ ਕਿਰਿਆਸ਼ੀਲ ਨਿਯਮ ਹੈ। ਇਸ ਅਧਾਰ 'ਤੇ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਇਸ ਸੰਸਾਰਕ ਪਸਾਰੇ ਵਿੱਚ ਕੁਝ ਵੀ ਸਥਿਰ ਜਾਂ ਸਦੀਵੀ ਨਹੀਂ, ਸਿਵਾਏ ਇਸ ਪਰਿਵਰਤਨਸ਼ੀਲਤਾ ਦੇ ਨਿਯਮ ਦੇ। ਪ੍ਰਾਚੀਨ ਅਤੇ ਆਧੁਨਿਕ ਦੌਰ ਦੇ ਭੌਤਿਕਵਾਦੀ ਦਾਰਸ਼ਨਿਕਾਂ ਅਤੇ ਵਿਗਿਆਨੀਆਂ ਨੇ ਵੀ ਇਸ ਕੁਦਰਤੀ ਨਿਯਮ ਨੂੰ ਗਹਿਰਾਈ ਨਾਲ ਅਧਿਐਨ ਕਰਕੇ ਇਸ ਦੀ ਸੂਖ਼ਮਤਾ ਤੱਕ ਪਹੁੰਚ ਕੀਤੀ ਹੈ ਅਤੇ ਵਿਗਿਆਨਕ ਤੱਥਾਂ ਰਾਹੀਂ ਇਸ ਦੀ ਪੁਸ਼ਟੀ ਕੀਤੀ ਹੈ। ਇਸ ਸਦੀਵੀ ਪਰਿਵਰਤਨ ਨੂੰ ਜਿਸ ਦਾ ਕੋਈ ਅੰਤ ਨਹੀਂ ਅਧਿਆਤਮਕ ਅਤੇ ਭਾਵਵਾਦੀ ਚਿੰਤਕ 'ਕੁਦਰਤ ਦੀ ਲੀਲਾ' ਦੇ ਨਾਂ ਨਾਲ ਸੰਬੋਧਨ ਕਰਦੇ ਹਨ। ਇਹ ਇਕ ਅਜਿਹਾ ਬ੍ਰਹਿਮੰਡਕ ਵਰਤਾਰਾ ਹੈ, ਜਿਸਨੂੰ ਪ੍ਰਭੂ ਨੇ ਆਪ ਰਚਿਆ ਹੈ ਅਤੇ ਜਿਸ ਦੇ ਨਿਰੰਤਰ ਬਦਲਦੇ ਰੂਪਾਂ ਨੂੰ ਵੇਖ ਕੇ ਆਪ ਹੀ ਆਨੰਦ ਮਾਣਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਸੇ ਦਰਸ਼ਨ ਨੂੰ ਆਤਮਿਕ ਗਹਿਰਾਈ ਨਾਲ ਪ੍ਰਗਟ ਕਰਦੀ ਹੈ ਅਤੇ ਅਜੋਕੇ ਸਮਕਾਲੀ ਸੰਦਰਭ ਵਿੱਚ ਮਨੁੱਖ ਨੂੰ ਅਸਥਿਰਤਾ ਦੇ ਸੱਚ ਨਾਲ ਸਾਮਨਾ ਕਰਵਾ ਕੇ ਮੋਹ ਅਤੇ ਅਹੰਕਾਰ ਤੋਂ ਉਪਰ ਉੱਠਣ ਦੀ ਪ੍ਰੇਰਣਾ ਦਿੰਦੀ ਹੈ। ਜਿਸ ਤਰ੍ਹਾਂ ਦਿਸਦੇ ਜਗਤ ਦੇ ਹਰ ਵਰਤਾਰੇ ਵਿੱਚ ਉਦਯ ਅਤੇ ਅਸਤ ਦਾ ਨਿਰੰਤਰ ਚੱਕਰ ਕਾਰਗਰ ਹੈ ਅਤੇ ਨਾਸ਼ਮਾਨਤਾਰੂਪਾਂਤਰਣ ਇਕ ਅਟੱਲ ਸਦੀਵੀ ਨਿਯਮ ਵਜੋਂ ਵਿਦਮਾਨ ਹੈ, ਉਸੇ ਤਰ੍ਹਾਂ ਜੀਵਾਤਮਕ ਪਸਾਰੇ ਵਿੱਚ ਮੌਤ ਵੀ ਇਕ ਅਟੱਲ ਅਤੇ ਸਦੀਵੀ ਸੱਚਾਈ ਹੈ। ਮਨੁੱਖ ਆਮ ਤੌਰ 'ਤੇ ਕੁਦਰਤੀ ਘਟਨਾਵਾਂ ਨੂੰ ਸਹਿਜ ਰੂਪ ਵਿੱਚ ਸਵੀਕਾਰ ਕਰ ਲੈਂਦਾ ਹੈ ਅਤੇ ਉਨ੍ਹਾਂ ਨਾਲ ਜੀਊਣਾ ਸਿੱਖ ਲੈਂਦਾ ਹੈ ਇਹੀ ਮਨੁੱਖੀ ਜੀਵਨ ਦੀ ਸਹਿਜ ਗਤੀ ਬਣ ਜਾਂਦੀ ਹੈ। ਪਰ ਜਦੋਂ ਜਨਮ ਅਤੇ ਮੌਤ ਦੀ ਇਸ ਪ੍ਰਕਿਰਿਆ ਨੂੰ ਨਿੱਜੀ ਜਾਂ ਸਮਾਜਕ ਸਤਰ 'ਤੇ ਅਨੁਭਵ ਕੀਤਾ ਜਾਂਦਾ ਹੈ, ਤਾਂ ਮਨੁੱਖੀ ਮਨ ਅਤੇ ਬੁੱਧੀ ਇਸ ਪ੍ਰਤੀ ਬਹੁਤ ਹੀ ਗਹਿਰੇ, ਚਿੰਤਨਸ਼ੀਲ ਅਤੇ ਭਾਵਨਾਤਮਕ ਪ੍ਰਤੀਕਿਰਿਆਵਾਂ ਦਰਸਾਉਂਦੇ ਹਨ ਜਿਨ੍ਹਾਂ ਵਿੱਚ ਖੁਸ਼ੀ, ਗ਼ਮੀ, ਡੂੰਘਾ ਦੁੱਖ ਸ਼ਾਮਿਲ ਹੁੰਦੇ ਹਨ।

ਇਹ ਮਨੁੱਖੀ ਅਸਤਿਤਵ ਦੀ ਇਕ ਵਿਡੰਬਨਾਪੂਰਨ ਸਥਿਤੀ ਹੈ ਕਿ ਜੋ ਸੱਚ ਅਟੱਲ ਅਤੇ ਸਦੀਵੀ ਹੈ ਜਿਸ ਨਾਲ ਹਰ ਜੀਵ ਨੇ ਅੰਤ ਵਿੱਚ ਸਾਮਨਾ ਕਰਨਾ ਹੀ ਹੈ ਉਸ ਸੱਚ ਤੋਂ ਮਨੁੱਖ ਅਕਸਰ ਅਵੇਸਲਾ ਅਤੇ ਅਨਜਾਣ ਬਣਿਆ ਰਹਿੰਦਾ ਹੈ। ਇਸ 'ਕਿਉਂ' ਦੇ ਉੱਤਰ ਕਈ ਹੋ ਸਕਦੇ ਹਨ, ਪਰ ਜਦੋਂ ਇਸਨੂੰ ਮਨੁੱਖੀ ਮਨੋਵਿਗਿਆਨ ਅਤੇ ਸਹਿਜ ਪ੍ਰਵਿਰਤੀਆਂ ਦੇ ਸੰਦਰਭ ਵਿੱਚ ਵੇਖਿਆ ਜਾਵੇ, ਤਾਂ ਗੱਲ ਸਪਸ਼ਟ ਹੋ ਜਾਂਦੀ ਹੈ। ਮਨੁੱਖ ਅਚਾਨਕ ਅਤੇ ਭਾਰੀ ਖ਼ਤਰੇ ਦਾ ਸਾਹਮਣਾ ਕਰਨ ਸਮੇਂ ਅਕਸਰ ਅੱਖਾਂ ਮੀਟ ਲੈਂਦਾ ਹੈ, ਕਿਉਂਕਿ ਉਹ ਉਸ ਖ਼ਤਰੇ ਨੂੰ ਦੇਖਣ ਅਤੇ ਝੱਲਣ ਲਈ ਮਨੋਵਿਗਿਆਨਕ ਤੌਰ 'ਤੇ ਅਸਮਰੱਥ ਹੁੰਦਾ ਹੈ। ਇਸ ਹਾਲਤ ਵਿੱਚ ਉਹ ਆਪਣੇ ਆਪ ਨੂੰ ਹੋਣੀ ਦੇ ਹਵਾਲੇ ਛੱਡ ਦਿੰਦਾ ਹੈ। ਏਹੀ ਪ੍ਰਵਿਰਤੀ ਅਚਾਨਕ ਦੁੱਖ ਜਾਂ ਖ਼ੁਸ਼ੀ ਦੇ ਅਨੁਭਵ ਵਿੱਚ ਵੀ ਦਿੱਸਦੀ ਹੈ। ਆਪਣੇ ਕਿਸੇ ਅਤਿ ਨਜ਼ਦੀਕੀ ਦੀ ਮੌਤ ਦੀ ਖ਼ਬਰ ਖ਼ਾਸ ਕਰਕੇ ਜੀਵਨ ਸਾਥੀ ਦੀ ਅਕਸਮਾਤ ਮੌਤ ਕਈ ਵਾਰ ਵਿਅਕਤੀ ਨੂੰ ਸੁੰਨ ਕਰ ਦਿੰਦੀ ਹੈ। ਇਹ ਇਸ ਗੱਲ ਦੀ ਗਵਾਹੀ ਹੈ ਕਿ ਮਨੁੱਖ ਦੀਆਂ ਗਿਆਨ-ਇੰਦਰੀਆਂ ਅਚਾਨਕ ਅਤੇ ਤੀਬਰ ਅਨੁਭਵਾਂ ਨੂੰ ਗ੍ਰਹਿਣ ਕਰਨ ਵਿੱਚ ਅਸਮਰੱਥ ਹੋ ਜਾਂਦੀਆਂ ਹਨ। ਇੱਥੋਂ ਤੱਕ ਕਿ ਅਚਾਨਕ ਮਿਲੀ ਵੱਡੀ ਖ਼ੁਸ਼ੀ ਵੀ ਕਈ ਵਾਰ ਮੌਤ ਦਾ ਕਾਰਣ ਬਣ ਜਾਂਦੀ ਹੈ ਜਿਵੇਂ ਅਕਸਰ ਅਖ਼ਬਾਰਾਂ ਵਿੱਚ ਦਰਜ ਮਾਮਲਿਆਂ ਤੋਂ ਸਪਸ਼ਟ ਹੁੰਦਾ ਹੈ। ਇਸੇ ਤਰ੍ਹਾਂ ਵੱਡੀ ਉਮਰ ਦੇ ਮਾਪੇ, ਜੀਵਨ ਸਾਥੀ ਜਾਂ ਪ੍ਰੇਮੀ ਵੀ ਅਕਸਰ ਆਪਣੇ ਪਿਆਰੇ ਦੀ ਮੌਤ ਦੀ ਖ਼ਬਰ ਨੂੰ ਸਹਿਜਤਾ ਨਾਲ ਸਵੀਕਾਰ ਨਹੀਂ ਕਰ ਪਾਂਦੇ। ਦੂਜੇ ਸ਼ਬਦਾਂ ਵਿੱਚ, ਮਨੁੱਖ ਆਪਣੀ ਅੰਤਿਮ ਅਤੇ ਸਭ ਤੋਂ ਵੱਡੀ ਸੱਚਾਈ ਤੋਂ ਅਵੇਸਲਾ ਰਹਿਣ ਨੂੰ ਹੀ ਆਪਣੀ ਮਨੋਵਿਗਿਆਨਕ ਰੱਖਿਆ ਸਮਝਦਾ ਹੈ ਇਹ ਰੁਝਾਨ ਅਧਿਆਤਮਿਕ ਕਹਿਲਾਉਣ ਵਾਲਿਆਂ ਵਿੱਚ ਵੀ ਘੱਟ-ਵੱਧ ਮਾਤਰਾ ਵਿੱਚ ਮਿਲਦਾ ਹੈ।

ਗੁਰੂ ਸਾਹਿਬ ਨੇ ਮੌਤ ਦੇ ਸੰਕਲਪ ਨੂੰ ਵਿਅਕਤੀਗਤ ਸੀਮਾਵਾਂ ਤੋਂ ਉਪਰ ਉਠਾ ਕੇ ਵਿਸ਼ਵਵਿਆਪੀ ਅਤੇ ਬ੍ਰਹਿਮੰਡਕ ਪਰਿਪੇਖ ਵਿੱਚ ਰੱਖਿਆ ਹੈ। ਇਸ ਸੰਦਰਭ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮੌਤ ਦਾ ਸਾਧਾਰਣੀਕਰਣ ਕਰਦੀ ਹੈ। ਗੁਰੂ ਸਾਹਿਬ ਦੇ ਮੌਤ-ਦਰਸ਼ਨ ਦੇ ਤਿੰਨ ਮੁੱਖ ਲੱਛਣ ਨਜ਼ਰ ਆਉਂਦੇ ਹਨ ਮੌਤ ਦੀ ਅਚਾਨਕਤਾ, ਆਵਸ਼ਕਤਾ ਅਤੇ ਸ਼ਕਤੀਮਾਨਤਾ। ਪਦਾਰਥਕ ਭੋਗਾਂ ਅਤੇ ਸੰਸਾਰਕ ਰਸਾਂ ਵਿੱਚ ਲੀਨ ਮਨੁੱਖ ਮੌਤ ਦੀ ਨਿਸ਼ਠੁਰ ਸੱਚਾਈ ਤੋਂ ਅਕਸਰ ਬੇਖ਼ਬਰ ਰਹਿੰਦਾ ਹੈ, ਪਰ ਜਦੋਂ ਮੌਤ ਵਾਪਰਦੀ ਹੈ, ਤਾਂ ਉਹ ਅਚਾਨਕ ਘਟਨਾ ਵਜੋਂ ਸਾਹਮਣੇ ਆਉਂਦੀ ਹੈ। ਗੁਰੂ ਤੇਗ ਬਹਾਦਰ ਜੀ ਇਸ ਅਵਸਥਾ ਨੂੰ ਇਨ੍ਹਾਂ ਸ਼ਬਦਾਂ ਵਿੱਚ ਉਚਾਰਦੇ ਹਨ:

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ।।

ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥[4]

ਇਸ ਦੇ ਨਾਲ ਹੀ ਮੌਤ ਦਾ ਵਾਪਰਨਾ ਇਕ ਆਵਸ਼ਕਤਾ ਹੈ, ਜਿਸ ਤੋਂ ਕੋਈ ਵੀ ਜੀਵ ਬਚ ਨਹੀਂ ਸਕਦਾ। ਇਸ ਅਟੱਲਤਾ ਵਿੱਚ ਹੀ ਮੌਤ ਦੀ ਸ਼ਕਤੀਮਾਨਤਾ ਨਿਹਿਤ ਹੈ। ਗੁਰੂ ਸਾਹਿਬ ਇਸ ਸੱਚਾਈ ਨੂੰ ਅਗਲੇ ਸ਼ਬਦਾਂ ਵਿੱਚ ਸਪਸ਼ਟ ਕਰਦੇ ਹਨ:

ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ।।

ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝ ਰਾਖਿਉ ਚੀਤਿ ॥[5]

ਮਨੁੱਖ ਆਪਣੀ ਮੌਤ ਦੀ ਅਟੱਲ ਸੱਚਾਈ ਤੋਂ ਇੰਨ੍ਹਾਂ ਭੈਅਭੀਤ ਹੁੰਦਾ ਹੈ ਕਿ ਉਸ ਦੀ ਯਾਦ ਹੀ ਉਸ ਨੂੰ ਅਸਥਿਰ ਕਰ ਦਿੰਦੀ ਹੈ, ਇਸ ਲਈ ਉਹ ਇਸ ਛਾਂ ਤੋਂ ਬਚਣ ਦਾ ਯਤਨ ਕਰਦਾ ਹੈ। ਇਸ ਸੰਦਰਭ ਵਿੱਚ ਸਮੁੱਚੀ ਗੁਰਬਾਣੀ ਵਿਸ਼ੇਸ਼ ਕਰਕੇ ਫ਼ਰੀਦ ਬਾਣੀ ਅਤੇ ਗੁਰੂ ਤੇਗ


© Copyright @ Authors

ਬਹਾਦਰ ਜੀ ਦੀ ਬਾਣੀ ਅਜੋਕੇ ਸਮਕਾਲੀ ਪਰਿਪੇਖ ਵਿੱਚ ਮਨੁੱਖ ਨੂੰ ਮੌਤ ਦੇ ਸੱਚ ਨਾਲ ਸੁਚੇਤ, ਸੰਤੁਲਿਤ ਅਤੇ ਆਤਮਿਕ ਤੌਰ 'ਤੇ ਦ੍ਰਿੜ ਬਣਾਉਣ ਵਾਲਾ ਮਹੱਤਵਪੂਰਨ ਦਰਸ਼ਨ ਪ੍ਰਦਾਨ ਕਰਦੀ ਹੈ।

ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਨਾਸ਼ਮਾਨਤਾ ਦੇ ਅਨੁਭਵ ਨੂੰ ਸਿਰਫ਼ ਦਰਸ਼ਨਿਕ ਪੱਧਰ ਤੱਕ ਹੀ ਸੀਮਿਤ ਨਹੀਂ ਕਰਦੀ, ਸਗੋਂ ਮਨੁੱਖੀ ਅੰਤਰ-ਚੇਤਨਾ ਵਿੱਚ ਉਸ ਪ੍ਰਤੀ ਤੀਖੀ ਸੂਝ ਪੈਦਾ ਕਰਨ ਵਾਲੀ ਵਿਲੱਖਣ ਬਾਣੀ ਹੈ। ਵਿਸ਼ੇਸ਼ ਕਰਕੇ ਸ਼ਲੋਕ ਮਹਲਾ ਨੌਵਾਂ ਵਿੱਚ ਜੀਵਨ ਦੀ ਅਸਥਿਰਤਾ ਅਤੇ ਮੌਤ ਦੀ ਅਟੱਲਤਾ ਨੂੰ ਇਤਨੀ ਗਹਿਰਾਈ ਨਾਲ ਉਚਾਰਿਆ ਗਿਆ ਹੈ ਕਿ ਇਹ ਬਾਣੀ ਪਾਠਕ ਦੇ ਅੰਤਰ ਮਨ ਨੂੰ ਝੰਝੋੜ ਕੇ ਰੱਖ ਦਿੰਦੀ ਹੈ। ਇਸੇ ਕਾਰਨ ਇੱਕ ਆਮ ਪਾਠਕ ਜਾਂ ਸਾਧਕ ਲਈ ਪਹਿਲੀ ਨਜ਼ਰ ਵਿੱਚ ਇਹ ਬਾਣੀ ਨਿਰਾਸ਼ਾ ਜਾਂ ਉਦਾਸੀ ਦਾ ਅਹਿਸਾਸ ਕਰਵਾ ਸਕਦੀ ਹੈ। ਹਾਲਾਂਕਿ ਪਾਠਕ ਦੀ ਇਹ ਪ੍ਰਤੀਕਿਰਿਆ ਗਲਤ ਨਹੀਂ ਕਹੀ ਜਾ ਸਕਦੀ, ਕਿਉਂਕਿ ਗੁਰੂ ਜੀ ਦੀ ਬਾਣੀ ਮਨੁੱਖ ਨੂੰ ਉਸ ਸੱਚ ਨਾਲ ਰੂ-ਬ-ਰੂ ਕਰਦੀ ਹੈ ਜਿਸ ਤੋਂ ਉਹ ਆਮ ਤੌਰ 'ਤੇ ਮੂੰਹ ਮੋੜ ਕੇ ਜੀਉਂਦਾ ਆਇਆ ਹੈ। ਮੁੱਖ ਪ੍ਰਸ਼ਨ ਇਹ ਨਹੀਂ ਕਿ ਬਾਣੀ ਅਜਿਹਾ ਪ੍ਰਭਾਵ ਕਿਉਂ ਛੱਡਦੀ ਹੈ, ਸਗੋਂ ਇਹ ਹੈ ਕਿ ਗੁਰੂ ਜੀ ਨੇ ਇਹ ਤੀਖਾਪਨ ਕਿਸ ਉਦੇਸ਼ ਨਾਲ ਵਰਤਿਆ ਹੈ। ਇਸ ਦਾ ਉੱਤਰ ਸਿਰਫ਼ ਗੰਭੀਰ ਅਧਿਐਨ, ਨਿਕਟ ਪਾਠਗਤ ਵਿਸ਼ਲੇਸ਼ਣ ਅਤੇ ਬਾਣੀ ਦੇ ਕੇਂਦਰੀ ਸੰਦੇਸ਼ ਨੂੰ ਸਮਝਣ ਰਾਹੀਂ ਹੀ ਮਿਲ ਸਕਦਾ ਹੈ। ਜਦੋਂ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਨੂੰ ਉਸ ਦੇ ਸਮੁੱਚੇ ਸਰੋਕਾਰਾਂ ਨਾਮ, ਬੈਰਾਗ, ਹੁਕਮ, ਹਉਮੈ-ਤਿਆਗ ਅਤੇ ਸੱਚੀ ਜੀਵਨ-ਦ੍ਰਿਸ਼ਟੀ ਦੇ ਪ੍ਰਸੰਗ ਵਿੱਚ ਪੜ੍ਹਿਆ ਜਾਂਦਾ ਹੈ, ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਬਾਣੀ ਨਿਰਾਸ਼ਾ ਨਹੀਂ, ਸਗੋਂ ਜਾਗਰੂਕਤਾ ਦਾ ਸਾਧਨ ਹੈ। ਗੁਰੂ ਜੀ ਲੌਕਿਕ ਸੰਸਾਰ ਦੀ ਨਾਸ਼ਵਾਨਤਾ ਨੂੰ ਉਭਾਰ ਕੇ ਮਨੁੱਖ ਨੂੰ ਇਸ ਅਲਪ-ਅਵਧੀ ਵਾਲੀ ਹਕੀਕਤ ਦੇ ਭਰਮ ਤੋਂ ਮੁਕਤ ਕਰਨਾ ਚਾਹੁੰਦੇ ਹਨ। ਇਹ ਬਾਣੀ ਮਨੁੱਖ ਨੂੰ ਸੰਸਾਰ ਛੱਡਣ ਲਈ ਨਹੀਂ, ਸਗੋਂ ਸੰਸਾਰ ਵਿੱਚ ਰਹਿੰਦੇ ਹੋਏ ਮੋਹ ਤੋਂ ਬਚਣ ਦੀ ਸਿੱਖਿਆ ਦਿੰਦੀ ਹੈ। ਮੌਤ ਦੇ ਵਿਸ਼ੇ ਸੰਬੰਧੀ ਪ੍ਰੋ. ਗੁਰਬਚਨ ਸਿੰਘ ਤਾਲਿਬ ਦਾ ਮੱਤ ਹੈ ਕਿ ''ਇਹ ਵਿਸ਼ਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਜਿਵੇਂ-ਜਿਵੇਂ ਆਇਆ ਹੈ, ਉਸ ਵਿਚ ਇਸ ਦਾ ਭਿਅੰਕਰਣ ਚਿੱਤਰਣ ਵੀ ਅਤੇ ਜੀਵ ਦੇ ਸਭ ਦਰਵ ਇਕੱਠਾ ਕਰਨ ਅਤੇ ਵਸਤਾਂ ਉੱਪਰ ਆਪਣਾ ਅਧਿਕਾਰ ਜਮਾਉਣ ਦੇ ਯਤਨਾਂ ਦੀ ਨਿਰਾਰਥਕਤਾ ਨੂੰ ਉਜਾਗਰ ਕੀਤਾ ਹੈ।''[6]

ਗੁਰੂ ਜੀ ਦੀ ਬਾਣੀ ਵਿੱਚ ਅਨੇਕਾਂ ਉਦਾਹਰਣਾਂ ਰਾਹੀਂ ਇਹ ਸੱਚ ਉਜਾਗਰ ਕੀਤਾ ਗਿਆ ਹੈ ਕਿ ਮਹਾਨ ਰਾਜੇ, ਵਿਸ਼ਾਲ ਪਰਿਵਾਰ ਅਤੇ ਵੱਡੀਆਂ ਸੱਤਾਵਾਂ ਵੀ ਸਮੇਂ ਦੇ ਸਾਹਮਣੇ ਅਸਥਿਰ ਹਨ। ਇਸ ਪ੍ਰਕਾਰ ਦੇ ਸੰਕੇਤ ਮਨੁੱਖੀ ਅਹੰਕਾਰ ਅਤੇ ਪਦਾਰਥਕ ਇਕੱਠ ਦੀ ਨਿਰਾਰਥਕਤਾ ਨੂੰ ਸਪਸ਼ਟ ਕਰਦੇ ਹਨ। ਮੌਤ ਦੇ ਸੰਦਰਭ ਵਿੱਚ ਗੁਰੂ ਤੇਗ ਬਹਾਦੁਰ ਜੀ ਦਾ ਚਿੰਤਨ ਵਿਸ਼ੇਸ਼ ਮਹੱਤਵ ਰੱਖਦਾ ਹੈ, ਕਿਉਂਕਿ ਇੱਥੇ ਮੌਤ ਨੂੰ ਕੇਵਲ ਵਿਅਕਤੀਗਤ ਘਟਨਾ ਨਾ ਮੰਨ ਕੇ ਇਕ ਵਿਸ਼ਵਵਿਆਪੀ ਅਤੇ ਅਟੱਲ ਸੱਚਾਈ ਵਜੋਂ ਪੇਸ਼ ਕੀਤਾ ਗਿਆ ਹੈ। ਜਿਵੇਂ ਵਿਦਵਾਨਾਂ ਨੇ ਦਰਸਾਇਆ ਹੈ, ਗੁਰੂ ਜੀ ਦੀ ਬਾਣੀ ਵਿੱਚ ਮੌਤ ਦਾ ਚਿੱਤਰਣ ਭਿਆਨਕ ਹੋਣ ਦੇ ਬਾਵਜੂਦ ਮਨੁੱਖ ਨੂੰ ਸਹਿਮਾਉਣ ਲਈ ਨਹੀਂ, ਸਗੋਂ ਉਸ ਨੂੰ ਹਕੀਕਤ ਨਾਲ ਜੋੜਨ ਲਈ ਹੈ। ਪਦਾਰਥਕ ਸੰਬੰਧਾਂ ਦੀ ਅਸਥਿਰਤਾ ਚਾਹੇ ਉਹ ਪਰਿਵਾਰਕ ਹੋਣ ਜਾਂ ਸਮਾਜਕ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਜੀਵ ਜਿਨ੍ਹਾਂ ਰਿਸ਼ਤਿਆਂ ਅਤੇ ਵਸਤਾਂ ਨੂੰ ਸਥਾਈ ਮੰਨ ਬੈਠਦਾ ਹੈ, ਉਹ ਮੌਤ ਦੇ ਪਲ ਵਿੱਚ ਟੁੱਟ ਜਾਂਦੇ ਹਨ। ਇਸ ਸੰਸਾਰ ਦੀ ਅਸਥਿਰਤਾ ਦੇ ਬਾਵਜੂਦ ਇਹ ਵੀ ਸੱਚ ਹੈ ਕਿ ਇਹ ਸਭ ਕੁਝ ਪ੍ਰਭੂ ਦੀ ਹੀ ਰਚਨਾ ਹੈ। ਭੁੱਲ ਇੱਥੇ ਮਨੁੱਖ ਦੀ ਹੈ ਜੋ ਇਸ ਅਸਥਿਰ ਜਗਤ ਨੂੰ ਸਦੀਵੀ ਮੰਨ ਕੇ ਉਸ ਨਾਲ ਜੁੜ ਜਾਂਦਾ ਹੈ। ਗੁਰੂ ਜੀ 'ਗੁਰਮੁਖ' ਅਤੇ 'ਮਨਮੁਖ' ਦੇ ਸੰਕਲਪ ਰਾਹੀਂ ਇਸ ਭੇਦ ਨੂੰ ਸਪਸ਼ਟ ਕਰਦੇ ਹਨ। ਗੁਰਮੁਖ ਉਹ ਹੈ ਜੋ ਗੁਰੂ ਦੇ ਉਪਦੇਸ਼ ਅਨੁਸਾਰ ਜੀਵਨ ਨੂੰ ਸਮਝਦਾ ਹੈ ਅਤੇ ਲੌਕਿਕ ਤੇ ਅਲੌਕਿਕ ਸੱਤਾਵਾਂ ਵਿਚਕਾਰ ਨਿਖੇੜਾ ਕਰ ਸਕਦਾ ਹੈ, ਜਦਕਿ ਮਨਮੁਖ ਆਪਣੇ ਮਨ ਦੇ ਵੱਸ ਵਿੱਚ ਰਹਿ ਕੇ ਪਦਾਰਥਕ ਸੰਸਾਰ ਨੂੰ ਹੀ ਸਭ ਕੁੱਝ ਮੰਨ ਲੈਂਦਾ ਹੈ।

ਮਨਮੁਖ ਵਿਅਕਤੀ ਦੀ ਨਿੱਜੀ ਹਉਮੈਂ ਪਦਾਰਥਕ ਸੰਸਾਰ ਦੇ ਬਾਹਰੀ ਸਰੋਕਾਰਾਂ ਨਾਲ ਜੁੜ ਕੇ ਇਤਨੀ ਵਧ ਜਾਂਦੀ ਹੈ ਕਿ ਉਸ ਦੇ ਲਈ ਦਿੱਸਦਾ ਜਗਤ ਹੀ ਸਰਬਉੱਚ ਸੱਚ ਬਣ ਜਾਂਦਾ ਹੈ। ਇਸ ਅਵਸਥਾ ਵਿੱਚ ਉਸ ਨੂੰ ਇਸ ਦਿਸਦੇ ਸੰਸਾਰ ਤੋਂ ਪਰੇ ਕਿਸੇ ਹੋਰ ਅਸਤਿਤਵ ਦੀ ਕਲਪਨਾ ਤੱਕ ਸੰਭਵ ਨਹੀਂ ਲੱਗਦੀ। ਉਸ ਦੀ ਸੋਚ, ਆਸਥਾ ਅਤੇ ਕਰਮ ਇਸ ਲੌਕਿਕ ਜਗਤ ਦੀ ਸੀਮਾ ਵਿੱਚ ਹੀ ਕੈਦ ਹੋ ਜਾਂਦੇ ਹਨ। ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਗੁਰਮੁਖ ਅਤੇ ਮਨਮੁਖ ਦੋਹਾਂ ਪ੍ਰਕਾਰ ਦੇ ਮਨੁੱਖਾਂ ਨੂੰ ਸੰਬੋਧਿਤ ਕਰਦੀ ਹੈ। ਗੁਰੂ ਜੀ ਦੀ ਬਾਣੀ ਵਿੱਚ ਵਰਤੀ ਗਈ ਕਾਵਿ-ਭਾਸ਼ਾ, ਪ੍ਰਤੀਕ, ਬਿੰਬ ਅਤੇ ਦ੍ਰਿਸ਼ਟਾਂਤ ਸਿਰਫ਼ ਸੌਂਦਰਿਕ ਉਦੇਸ਼ ਨਹੀਂ ਨਿਭਾਉਂਦੇ, ਸਗੋਂ ਉਨ੍ਹਾਂ ਰਾਹੀਂ ਗੁਰੂ ਸਾਹਿਬ ਦੀ ਬ੍ਰਹਮ-ਦ੍ਰਿਸ਼ਟੀ ਦਾ ਪ੍ਰਗਟਾਵਾ ਹੁੰਦਾ ਹੈ। ਜਦੋਂ ਇਹ ਬ੍ਰਹਮ-ਦ੍ਰਿਸ਼ਟੀ ਲੌਕਿਕ ਸੰਸਾਰ ਦੀ ਨਾਸ਼ਮਾਨਤਾ ਵੱਲ ਕੇਂਦਰਿਤ ਹੁੰਦੀ ਹੈ, ਤਾਂ ਇਹ ਸੰਸਾਰ ਨੂੰ ਅਸਵੀਕਾਰ ਨਹੀਂ ਕਰਦੀ, ਬਲਕਿ ਉਸ ਦੀ ਹਕੀਕਤ ਨੂੰ ਮੰਨ ਕੇ ਉਸ ਦੀ ਅਸਥਿਰਤਾ ਨੂੰ ਉਜਾਗਰ ਕਰਦੀ ਹੈ। ਗੁਰੂ ਜੀ ਸੰਸਾਰ ਦੀ ਉਸ ਅਲਪ-ਕਾਲੀ ਹੋਂਦ ਅਤੇ ਉਸ ਅਟੱਲ ਪ੍ਰਕਿਰਿਆ ਵੱਲ ਧਿਆਨ ਦਿਵਾਉਂਦੇ ਹਨ, ਜਿਸ ਅਧੀਨ ਉਪਜਣ ਅਤੇ ਬਿਨਸਣ ਦਾ ਸਿਲਸਿਲਾ ਲਗਾਤਾਰ ਚੱਲਦਾ ਰਹਿੰਦਾ ਹੈ। ਮਨਮੁਖ ਵਿਅਕਤੀ ਨੂੰ ਇਸ ਅੰਤਿਮ ਸੱਚ ਨਾਲ ਸਾਕਸ਼ਾਤ ਕਰਨ ਲਈ ਗੁਰੂ ਤੇਗ ਬਹਾਦੁਰ ਜੀ ਇਤਿਹਾਸਕ ਅਤੇ ਪੌਰਾਣਿਕ ਦ੍ਰਿਸ਼ਟਾਂਤਾਂ ਦਾ ਸਹਾਰਾ ਲੈਂਦੇ ਹਨ। ਜਦੋਂ ਰਾਮ ਅਤੇ ਰਾਵਣ ਵਰਗੀਆਂ ਮਹਾਨ ਸ਼ਖ਼ਸੀਅਤਾਂ ਅਤੇ ਸ਼ਕਤੀਆਂ ਵੀ ਕਾਲ ਦੇ ਵੱਸ ਵਿਚ ਆ ਗਈਆਂ, ਤਾਂ ਆਮ ਮਨੁੱਖ ਦੀ ਨਿੱਘੀ ਹੋਂਦ ਕਿੰਨੀ ਨਾਸ਼ਵਾਨ ਹੈ ਇਹ ਗੱਲ ਆਪਣੇ ਆਪ ਸਪਸ਼ਟ ਹੋ ਜਾਂਦੀ ਹੈ। ਇਸ ਤਰ੍ਹਾਂ ਗੁਰੂ ਜੀ ਸਰੀਰਕ ਬਲ, ਪਦਾਰਥਕ ਸੰਪੰਨਤਾ ਅਤੇ ਰਾਜਨੀਤਕ ਸ਼ਕਤੀ ਦੀ ਅਸਥਿਰਤਾ ਨੂੰ ਪ੍ਰਤੀਕਾਤਮਕ ਢੰਗ ਨਾਲ ਪ੍ਰਗਟ ਕਰਦੇ ਹਨ।

''ਗੁਰੂ ਸਾਹਿਬ ਦੇ ਜੀਵਨ ਦੀ ਨਾਸ਼ਮਾਨਤਾ ਦੇ ਉਲੇਖ ਤੋਂ ਮਨੁੱਖੀ ਮਨ ਵਿਚ ਉਪਜ ਵੈਰਾਗ ਨੂੰ ਦਿੱਤੀ ਗਈ ਉਸਾਰੂ ਸੇਧ ਹੈ। ਇਸ ਵੈਰਾਗ ਤੋਂ ਮਨੁੱਖ ਅੰਦਰ ਵਿਸ਼ਾਦ ਭਾਵਨਾ ਨਹੀਂ ਉਪਜਾਈ, ਉਸਨੂੰ ਨਿਰਾਸ਼ ਹੋ ਕੇ ਸਭ ਕੁਝ ਦਾ ਤਿਆਗ ਕਰ ਜੰਗਲਾਂ ਵਿਚ ਨਿਮੋਝੂਨ ਹੋ ਬੈਠਣ ਲਈ ਨਹੀਂ ਉਤੇਜਤ ਕੀਤਾ ਸਗੋਂ ਜੀਵਨ ਵਿਚ ਪਦਾਰਥਾਂ ਤੋਂ ਉਤਾਂਹ ਉੱਠ ਕੇ ਵਡੇਰੇ ਉਚੇਰੇ ਆਦਰਸ਼ਾਂ ਦੀ ਪ੍ਰਾਪਤੀ ਲਈ ਤਿਆਰ ਕੀਤਾ ਗਿਆ ਹੈ।''[7]


© Copyright @ Authors

ਨਾਸ਼ਮਾਨਤਾ ਦੇ ਸੰਕਲਪ ਨੂੰ ਅਕਸਰ ਨਿਰਾਸ਼ਾਵਾਦ ਨਾਲ ਜੋੜ ਦਿੱਤਾ ਜਾਂਦਾ ਹੈ, ਜੋ ਕਿ ਇਕ ਭੁੱਲ ਹੈ। ਦਰਅਸਲ, ਨਾਸ਼ਮਾਨਤਾ ਤੋਂ ਉਪਜਣ ਵਾਲੀ ਉਪਰਾਮਤਾ ਦੇ ਦੋ ਰੂਪ ਹਨ ਇਕ ਨਿਰਾਰਥਕ ਅਤੇ ਦੂਜਾ ਸਾਰਥਕ। ਨਿਰਾਰਥਕ ਉਪਰਾਮਤਾ ਮਨੁੱਖ ਨੂੰ ਨਿਸ਼ਕ੍ਰਿਯ ਅਤੇ ਨਿਰਾਸ਼ਾਵਾਦੀ ਬਣਾ ਦਿੰਦੀ ਹੈ, ਜਦਕਿ ਸਾਰਥਕ ਉਪਰਾਮਤਾ ਉਸ ਨੂੰ ਜੀਵਨ ਦੀ ਸਹੀ ਦਿਸ਼ਾ ਵੱਲ ਮਾਰਗਦਰਸ਼ਨ ਕਰਦੀ ਹੈ। ਗੁਰੂ ਬਾਣੀ ਵਿੱਚ ਨਾਸ਼ਮਾਨਤਾ ਨੂੰ ਇਸੇ ਸਾਰਥਕ ਅਰਥ ਵਿੱਚ ਪੇਸ਼ ਕੀਤਾ ਗਿਆ ਹੈ। ਜੀਵਨ ਦੀ ਅਸਥਿਰਤਾ, ਦੁੱਖ ਅਤੇ ਕਰੁਣਾ ਦੇ ਬਾਵਜੂਦ ਗੁਰਬਾਣੀ ਦਾ ਮੂਲ ਸੰਦੇਸ਼ ਨਿਰਾਸ਼ਾ ਨਹੀਂ, ਸਗੋਂ ਚੇਤਨਾ ਅਤੇ ਬੋਧ ਹੈ। ਇਸ ਸੰਦਰਭ ਵਿੱਚ ਇਹ ਗੱਲ ਮਹੱਤਵਪੂਰਨ ਹੈ ਕਿ ਵਿਗਿਆਨ ਅਤੇ ਦਰਸ਼ਨ ਭਾਵੇਂ ਸ੍ਰਿਸ਼ਟੀ ਦੇ ਪਰਿਵਰਤਨਸ਼ੀਲ ਨਿਯਮ ਦੀ ਵਿਵੇਚਨਾ ਕਰਦੇ ਹਨ, ਪਰ ਉਹ ਇਸ ਤੋਂ ਨੈਤਿਕ ਜਾਂ ਆਤਮਿਕ ਲਾਭ ਨਹੀਂ ਕੱਢਦੇ। ਅਧਿਆਤਮਕ ਚਿੰਤਨ ਇਸ ਨਾਸ਼ਮਾਨਤਾ ਨੂੰ ਮਨੁੱਖੀ ਜੀਵਨ ਦੀ ਸੁਧਾਰਕ ਦਿਸ਼ਾ ਵੱਲ ਮੋੜ ਦਿੰਦਾ ਹੈ।

ਗੁਰੂ ਤੇਗ ਬਹਾਦੁਰ ਜੀ ਮਨਮੁਖ ਜਾਂ ਅਗਿਆਨੀ ਮਨੁੱਖ ਦੀ ਚੇਤਨਾ ਨੂੰ ਜਗਾਉਣ ਲਈ ਮਨੋਵਿਗਿਆਨਕ ਤਰੀਕੇ ਅਪਣਾਉਂਦੇ ਹਨ। ਲੌਕਿਕ ਸੰਸਾਰ ਨੂੰ ਸੁਪਨੇ ਦੇ ਸਮਾਨ ਦੱਸ ਕੇ ਉਹ ਇਸ ਦੀ ਅਸਾਰਥਿਕਤਾ ਨੂੰ ਬਹੁਤ ਹੀ ਤਰਕਸੰਗਤ ਢੰਗ ਨਾਲ ਸਥਾਪਤ ਕਰਦੇ ਹਨ। ਜਿਵੇਂ ਸੁਪਨੇ ਦੌਰਾਨ ਮਨੁੱਖ ਦੇ ਅਨੁਭਵ ਡਰ, ਖੁਸ਼ੀ, ਦੁੱਖ ਉਸ ਲਈ ਪੂਰੀ ਤਰ੍ਹਾਂ ਹਕੀਕਤ ਹੁੰਦੇ ਹਨ, ਪਰ ਅੱਖ ਖੁਲ੍ਹਦੇ ਹੀ ਉਹ ਸਭ ਭਰਮ ਸਾਬਤ ਹੋ ਜਾਂਦੇ ਹਨ, ਉਸੇ ਤਰ੍ਹਾਂ ਇਹ ਦਿਸਦਾ ਸੰਸਾਰ ਵੀ ਅਗਿਆਨੀ ਜੀਵ ਲਈ ਸੱਚ ਪ੍ਰਤੀਤ ਹੁੰਦਾ ਹੈ। ਗਿਆਨ ਦੀ ਪ੍ਰਾਪਤੀ ਨਾਲ ਇਹ ਭਰਮ ਟੁੱਟ ਜਾਂਦਾ ਹੈ। ਗੁਰੂ ਜੀ ਵਾਰ-ਵਾਰ ਇਸ ਸੰਸਾਰ ਦੀ ਚਲਾਇਮਾਨ ਪ੍ਰਕਿਰਤੀ ਉੱਤੇ ਜ਼ੋਰ ਦੇ ਕੇ ਮਨੁੱਖ ਦੀ ਅਤ੍ਰਿਪਤ ਲਾਲਸਾ ਅਤੇ ਅੰਧ ਸੰਗ੍ਰਹਿ ਪ੍ਰਵਿਰਤੀ ਵੱਲੋਂ ਉਸ ਨੂੰ ਸਾਵਧਾਨ ਕਰਦੇ ਹਨ।

ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ।।

ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ।।

ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨਾ ਲਾਵੈ।।

ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ ।।[8]

ਗੁਰੂ ਤੇਗ ਬਹਾਦੁਰ ਜੀ ਮਨੁੱਖ ਨੂੰ ਉਸ ਦੀ ਅਗਿਆਨ-ਗ੍ਰਸਤ ਅਵਸਥਾ ਤੋਂ ਬਾਹਰ ਕੱਢਣ ਲਈ ਸਖ਼ਤ ਚੇਤਾਵਨੀ ਭਰੀ ਸੁਰ ਵਰਤਦੇ ਹਨ। ਉਹ ਮਨੁੱਖ ਨੂੰ ਯਾਦ ਦਿਵਾਉਂਦੇ ਹਨ ਕਿ ਸਰੀਰ, ਜਿਸ ਦੇ ਆਸਰੇ ਉਹ ਸਾਰੇ ਕਰਮ ਕਰਦਾ ਹੈ, ਆਪ ਹੀ ਇਕ ਦਿਨ ਸਾਥ ਛੱਡ ਦੇਵੇਗਾ। ਜਿਸ ਧਨ ਅਤੇ ਸ਼ਕਤੀ ਨੂੰ ਉਹ ਆਪਣੀ ਹਉਮੈਂ ਦਾ ਆਧਾਰ ਬਣਾਉਂਦਾ ਹੈ, ਉਹ ਸਭ ਕਾਲ ਦੇ ਅਧੀਨ ਹੈ। ਇਸ ਲਈ ਗੁਰੂ ਜੀ ਜੀਵ ਨੂੰ ਆਪਣੇ ਆਪ ਵੱਲ ਮੁੜਨ, ਵਿਵੇਕ ਨੂੰ ਜਗਾਉਣ ਅਤੇ ਸਮੇਂ ਦੀ ਕੀਮਤ ਸਮਝਣ ਲਈ ਪ੍ਰੇਰਿਤ ਕਰਦੇ ਹਨ। ਹਰ ਆਉਣ ਵਾਲਾ ਦਿਨ ਮਨੁੱਖ ਦੀ ਉਮਰ ਵਿਚੋਂ ਇਕ ਹਿੱਸਾ ਘਟਾ ਰਿਹਾ ਹੈ। ਸਵਾਸ ਘੜੇ ਵਿਚੋਂ ਟਪਕਦੇ ਪਾਣੀ ਵਾਂਗ ਹੌਲੀ-ਹੌਲੀ ਖਤਮ ਹੋ ਰਹੇ ਹਨ, ਪਰ ਮਨੁੱਖ ਇਸ ਸੱਚ ਤੋਂ ਬੇਪਰਵਾਹ ਜੀਵਨ ਜੀਉਂਦਾ ਰਹਿੰਦਾ ਹੈ। ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਇਸੇ ਬੇਖ਼ਬਰੀ ਨੂੰ ਤੋੜ ਕੇ ਮਨੁੱਖ ਨੂੰ ਅੰਤਿਮ ਸੱਚ ਨਾਲ ਰੂਬਰੂ ਕਰਦੀ ਹੈ ਅਤੇ ਉਸ ਨੂੰ ਸਾਰਥਕ ਜੀਵਨ ਦੀ ਦਿਸ਼ਾ ਦਿਖਾਉਂਦੀ ਹੈ

ਇਹੁ ਜਗੁ ਧੂਏ ਕਾ ਪਹਾਰ।।

ਤੈ ਸਾਚਾ ਮਨਿਆ ਕਿਹ ਬਿਚਾਰਿ ।।[9]

ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ।।

ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ।।[10]

ਗੁਰੂ ਤੇਗ ਬਹਾਦੁਰ ਜੀ ਮਨੁੱਖ ਦੀ ਹਉਮੈਂ-ਗ੍ਰਸਤ ਅਸਤੀਤਵਕ ਸਥਿਤੀ ਨੂੰ ਉਸ ਦੀ ਅੰਤਿਮ ਸੱਚਾਈ ਵੱਲ ਧਿਆਨ ਕੇਂਦ੍ਰਿਤ ਕਰਕੇ ਕਿਸੇ ਵੀ ਤਰ੍ਹਾਂ ਦੀ ਨਿਰਾਸ਼ਾਵਾਦੀ ਭਾਵਨਾ ਵਿੱਚ ਨਹੀਂ ਧੱਕਦੇ। ਸਤਹੀ ਪਾਠ ਨਾਲ ਭਾਵੇਂ ਇਹ ਅਨੁਭਵ ਹੋ ਸਕਦਾ ਹੈ ਕਿ ਉਨ੍ਹਾਂ ਦੀ ਬਾਣੀ ਮਨੁੱਖ ਨੂੰ ਜੀਵਨ ਦੀ ਅਸਾਰਤਾ ਨਾਲ ਰੂ-ਬ-ਰੂ ਕਰਵਾ ਕੇ ਹਤਾਸ਼ ਕਰਦੀ ਹੈ, ਪਰ ਗਹਿਰੇ ਅਧਿਐਨ ਅਤੇ ਚਿੰਤਨ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ ਦਾ ਅਸਲ ਉਦੇਸ਼ ਮਨੁੱਖੀ ਚੇਤਨਾ ਨੂੰ ਸੁਧਾਰਕ ਦਿਸ਼ਾ ਪ੍ਰਦਾਨ ਕਰਨਾ ਹੈ, ਨਾ ਕਿ ਉਸ ਨੂੰ ਅਸਹਾਇਤਾ ਦੇ ਅੰਧਕਾਰ ਵਿੱਚ ਸੁੱਟਣਾ। ਗੁਰੂ ਤੇਗ ਬਹਾਦੁਰ ਜੀ ਮਨੁੱਖ ਦੇ ਅੰਤ ਸਮੇਂ ਦੀ ਕਰੁਣਾਮਈ ਅਤੇ ਤ੍ਰਾਸਦਮਈ ਸਥਿਤੀ ਦਾ ਚਿਤ੍ਰਣ ਕਰਕੇ ਉਸ ਨੂੰ ਅੰਦਰ-ਮੁਖੀ ਹੋਣ ਦੀ ਪ੍ਰੇਰਣਾ ਦਿੰਦੇ ਹਨ। ਇਹੀ ਅੰਦਰੂਨੀ ਯਾਤਰਾ ਸਾਈਂ ਬੁਲ੍ਹੇ ਸ਼ਾਹ ਦੀ ਉਸ ਤਰਕੀਬ ਨਾਲ ਸੰਬੰਧਿਤ ਦਿਸਦੀ ਹੈ ਜਿਸ ਅਨੁਸਾਰ ਸੱਚ ਦੀ ਪ੍ਰਾਪਤੀ ਬਾਹਰੀ ਆਡੰਬਰਾਂ ਨੂੰ ਤਿਆਗ ਕੇ ਅੰਦਰੂਨੀ ਬਦਲਾਅ ਰਾਹੀਂ ਸੰਭਵ ਹੈ। ਗੁਰੂ ਜੀ ਮਨੁੱਖ ਨੂੰ ਅਗਿਆਨਤਾ ਤੋਂ ਮੁਕਤ ਕਰਕੇ ਉਸ ਅਮਰ ਅਤੇ ਅਵਿਨਾਸ਼ੀ ਗਿਆਨ-ਲੋਅ ਨਾਲ ਜੋੜਨਾ ਚਾਹੁੰਦੇ ਹਨ, ਜਿੱਥੇ ਪਹੁੰਚ ਕੇ ਜਨਮ-ਮਰਨ ਦਾ ਚੱਕਰ ਆਪਣੇ ਆਪ ਸਮਾਪਤ ਹੋ ਜਾਂਦਾ ਹੈ।

ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਵਿੱਚ ਹਰਿ-ਗੁਣ ਗਾਇਨ ਨੂੰ ਜੀਵਨ ਦੀਆਂ ਸੰਸਾਰਕ ਗੁੰਝਲਾਂ ਤੋਂ ਮੁਕਤੀ ਦਾ ਕੇਂਦਰੀ ਸਾਧਨ ਮੰਨਿਆ ਗਿਆ ਹੈ। ਇਹ ਸੰਸਾਰਕ ਜੰਜਾਲ, ਜਿਸ ਵਿੱਚ ਮਨੁੱਖ ਦਿਨੋ-ਦਿਨ ਹੋਰ ਅਧਿਕ ਫਸਦਾ ਜਾ ਰਿਹਾ ਹੈ, ਸੌਖੇ ਤੌਰ 'ਤੇ ਟੁੱਟਣ ਵਾਲਾ ਨਹੀਂ। ਪਰ ਗੁਰੂ ਜੀ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਪਦਾਰਥਕ ਆਕਰਸ਼ਣਾਂ ਤੋਂ ਉਪਰ ਉੱਠਣ ਦਾ ਰਾਹ ਕੇਵਲ ਆਤਮਿਕ ਚੇਤਨਾ ਅਤੇ ਪ੍ਰਭੂ-ਸਿਮਰਨ ਰਾਹੀਂ ਹੀ ਸੰਭਵ ਹੈ। ਡਾ. ਗੁਰਚਰਨ ਸਿੰਘ ਦੇ ਅਨੁਸਾਰ ਗੁਰੂ ਸਾਹਿਬ ਜੀਵਨ ਦੀ ਨਾਸ਼ਮਾਨਤਾ ਦਾ ਉਲੇਖ ਕਰਦੇ ਹੋਏ ਵੈਰਾਗ ਨੂੰ ਨਿਰਮਾਣਾਤਮਕ ਦਿਸ਼ਾ ਦਿੰਦੇ ਹਨ। ਇਹ ਵੈਰਾਗ ਮਨੁੱਖ ਨੂੰ ਸੰਸਾਰ ਤੋਂ ਭੱਜਣ ਲਈ ਨਹੀਂ, ਸਗੋਂ ਜੀਵਨ ਵਿੱਚ ਉੱਚ ਆਦਰਸ਼ਾਂ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਦੀ ਪ੍ਰਾਪਤੀ ਲਈ ਪ੍ਰੇਰਿਤ ਕਰਦਾ ਹੈ। ਇਸ ਪ੍ਰਕਾਰ ਗੁਰੂ ਬਾਣੀ ਮਨੁੱਖੀ ਜੀਵਨ ਨੂੰ ਨਕਾਰਾਤਮਕਤਾ ਵੱਲ ਨਹੀਂ, ਸਗੋਂ ਸੰਤੁਲਨ ਅਤੇ ਸੂਝ ਵੱਲ ਲੈ ਜਾਂਦੀ ਹੈ।

ਆਮ ਮਨੁੱਖ ਵੱਡੇ ਦਾਰਸ਼ਨਿਕ ਸਿਧਾਂਤਾਂ ਨਾਲੋਂ ਆਪਣੇ ਨਿੱਜੀ ਸੰਬੰਧਾਂ ਦੇ ਟੁੱਟਣ ਜਾਂ ਬਦਲਣ ਨੂੰ ਜ਼ਿਆਦਾ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ। ਇਸੇ ਮਨੋਵਿਗਿਆਨਕ ਸੱਚਾਈ ਨੂੰ ਧਿਆਨ ਵਿੱਚ ਰੱਖਦਿਆਂ ਗੁਰੂ ਜੀ ਦਿਖਾਉਂਦੇ ਹਨ ਕਿ ਦੁੱਖ ਦੇ ਵੇਲੇ ਇਹੀ ਰਿਸ਼ਤੇ ਮਨੁੱਖ ਦਾ ਸਾਥ ਛੱਡ ਜਾਂਦੇ ਹਨ, ਜੋ ਸਮਾਜਕ ਯਥਾਰਥ ਦੀ ਇੱਕ ਕੌੜੀ ਪਰ ਅਟੱਲ ਸੱਚਾਈ ਹੈ। ਇਹ ਕਾਵਿ-ਪੰਗਤੀਆਂ ਸਿਰਫ਼ ਅਲੌਕਿਕ ਸੰਸਾਰ ਵੱਲ ਸੰਕੇਤ ਨਹੀਂ ਕਰਦੀਆਂ, ਸਗੋਂ ਤਤਕਾਲੀ ਸਮਾਜਿਕ ਬਣਤਰ ਅਤੇ ਮਨੁੱਖੀ ਸਵੈ-ਹਿਤੀ ਪ੍ਰਵਿਰਤੀ ਨੂੰ ਵੀ ਉਘਾੜਦੀਆਂ ਹਨ। ਮਨੁੱਖ ਅਕਸਰ ਆਪਣੇ ਪਰਿਵਾਰਕ ਅਤੇ ਸਮਾਜਕ ਰਿਸ਼ਤਿਆਂ ਨੂੰ ਆਪਣੀ ਅਸਤੀਤਵਕ ਪਛਾਣ ਦਾ ਆਧਾਰ ਬਣਾਉਂਦਾ ਹੈ ਅਤੇ ਉਨ੍ਹਾਂ ਦੀ ਰੱਖਿਆ ਅਤੇ ਵਿਸਤਾਰ ਲਈ ਜੀਵਨ ਭਰ ਸੰਘਰਸ਼ ਕਰਦਾ ਹੈ। ਪਰ ਜਦੋਂ ਜੀਵਨ ਦਾ ਅੰਤਿਮ ਸਮਾਂ ਆਉਂਦਾ ਹੈ, ਤਾਂ ਇਹ ਸਾਰੇ ਰਿਸ਼ਤੇ ਅਸਥਾਈ ਸਾਬਤ ਹੁੰਦੇ ਹਨ। ਗੁਰੂ ਤੇਗ ਬਹਾਦੁਰ ਜੀ ਮਨੁੱਖੀ ਰਿਸ਼ਤਿਆਂ ਦੀ ਇਸ ਅਸਥਿਰਤਾ ਨੂੰ ਵਿਅੰਗ ਅਤੇ ਤਿੱਖੀ ਸੱਚਾਈ ਨਾਲ ਪ੍ਰਗਟ ਕਰਦੇ ਹਨ। ਉਹ ਮਨੁੱਖ ਨੂੰ ਇਹ ਸੋਚਣ ਲਈ ਮਜਬੂਰ ਕਰਦੇ ਹਨ ਕਿ ਜਿਸਨੂੰ ਉਹ ਨਿਸ਼ਕਾਮ ਪਿਆਰ ਜਾਂ ਸਦੀਵੀ ਸਾਥ ਸਮੱਝਦਾ ਹੈ, ਉਹ ਅਕਸਰ ਸਵੈ-ਹਿਤ ਨਾਲ ਜੁੜਿਆ ਹੁੰਦਾ ਹੈ। ਇਸ ਤਰ੍ਹਾਂ ਗੁਰੂ ਬਾਣੀ ਮਨੁੱਖ ਨੂੰ ਭਰਮ ਤੋਂ ਬਾਹਰ ਕੱਢ ਕੇ ਅਸਲੀ ਸੱਚ ਨਾਲ ਰੂ-ਬ-ਰੂ ਕਰਵਾਉਂਦੀ ਹੈ।

ਨੌਵੇਂ ਗੁਰੂ ਦੇ ਸਮੇਂ ਦੇ ਸਮਾਜਕ ਪ੍ਰਸੰਗਾਂ ਨੂੰ ਵੇਖੀਏ ਤਾਂ ਭਾਰਤ ਵਿੱਚ ਸਾਮੰਤਵਾਦੀ ਵਿਵਸਥਾ ਦੇ ਬਾਵਜੂਦ ਪੈਸੇ ਅਤੇ ਸਵੈ-ਹਿਤ ਦੀ ਮਨੋਵ੍ਰਿੱਤੀ ਤੇਜ਼ੀ ਨਾਲ ਫੈਲ ਰਹੀ ਸੀ। ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਇਸ ਬਦਲਦੇ ਸਮਾਜਕ ਯਥਾਰਥ ਦੀ ਗਹਿਰੀ ਸਮਝ ਪ੍ਰਗਟ ਕਰਦੀ ਹੈ। ਇਸੇ ਲਈ ਉਨ੍ਹਾਂ ਦੀ ਬਾਣੀ ਵਿਚ ਮਾਇਆ, ਰਿਸ਼ਤਿਆਂ ਅਤੇ ਮਨੁੱਖੀ ਵਿਵਹਾਰ ਬਾਰੇ ਸਪਸ਼ਟ ਅਤੇ ਵਿਗਿਆਨਕ ਦ੍ਰਿਸ਼ਟੀ ਮਿਲਦੀ ਹੈ। ਅੰਤ ਵਿੱਚ ਇਹ ਕਹਿਣਾ ਉਚਿਤ ਹੈ ਕਿ ਗੁਰੂ ਬਾਣੀ ਮਨੁੱਖ ਨੂੰ ਕਰਮ ਅਤੇ ਧਰਮ ਦੇ ਸੰਤੁਲਨ ਨਾਲ ਜੀਵਨ ਜੀਊਣ ਦੀ ਸੂਝ ਦਿੰਦੀ ਹੈ ਅਤੇ ਉਸ ਨੂੰ ਲੌਕਿਕ ਤੇ ਪਾਰਲੌਕਿਕ ਦੋਵਾਂ ਪੱਧਰਾਂ 'ਤੇ ਸੰਤੁਲਿਤ ਜੀਵਨ ਵੱਲ ਪ੍ਰੇਰਿਤ ਕਰਦੀ ਹੈ। ਇਸ ਤਰ੍ਹਾਂ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਦੀ ਸਮਕਾਲੀ ਪ੍ਰਸੰਗਿਕਤਾ ਅੱਜ ਵੀ ਉਤਨੀ ਹੀ ਮਹੱਤਵਪੂਰਨ ਹੈ ਕਿਉਂਕਿ ਇਹ ਮਨੁੱਖ ਨੂੰ ਡਰ-ਰਹਿਤ, ਚੇਤਨ ਅਤੇ ਮੁੱਲਵਾਨ ਜੀਵਨ ਜੀਊਣ ਦੀ ਦਿਸ਼ਾ ਦਿਖਾਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 633
2. ਪ੍ਰੋ. ਗੁਰਬਚਨ ਸਿੰਘ ਤਾਲਿਬ, ''ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਦਾਰਸ਼ਨਿਕ ਪੱਖ'', ਡਾ. ਤਾਰਨ ਸਿੰਘ (ਸੰਪਾ.), ਗੁਰੂ ਤੇਗ ਬਹਾਦਰ, ਜੀਵਨ, ਸੰਦੇਸ਼ ਤੇ ਸਹਾਦਤ, ਪੰਨਾ 112
3. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427
4. ਉਹੀ, ਅੰਗ 1428
5. ਉਹੀ, ਅੰਗ 631
6. ਪ੍ਰੋ. ਗੁਰਬਚਨ ਸਿੰਘ ਤਾਲਿਬ, ''ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਦਾਰਸ਼ਨਿਕ ਪੱਖ'', ਡਾ. ਤਾਰਨ ਸਿੰਘ (ਸੰਪਾ.), ਗੁਰੂ ਤੇਗ ਬਹਾਦਰ, ਜੀਵਨ, ਸੰਦੇਸ਼ ਤੇ ਸਹਾਦਤ, ਪੰਨਾ 112
7. ਡਾ. ਗੁਰਬਚਨ ਸਿੰਘ, ''ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਦੁਨੀਆ ਦੀ ਨਾਸ਼ਮਾਨਤਾ'', ਖੋਜ-ਪੱਤ੍ਰਿਕਾ (ਸ੍ਰੀ ਗੁਰੂ ਤੇਗ ਬਹਾਦਰ ਵਿਸ਼ੇਸ਼ ਅੰਕ), ਮਾਰਚ 1976, ਪੰਨਾ 33
8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 220
9. ਉਹੀ, 1186
10. ਉਹੀ, 633


© Copyright @ Authors